FEDERAL COURT OF AUSTRALIA

# APPEALS

ਫ਼ੈਡਰਲ ਕੋਰਟ ਆਫ਼ ਆਸਟਰੇਲੀਆ

# ਅਪੀਲਜ਼

Punjabi

## ਅਪੀਲਜ਼

ਫ਼ੈਡਰਲ ਕੋਰਟ ਆਫ਼ ਆਸਟਰੇਲੀਆ ਦੇ ਕਾਨੂੰਨ 1976 ਤਹਿਤ ਅਦਾਲਤ ਇਨ੍ਹਾਂ ਤੇ ਅਪੀਲਾਂ ਸੁਣਨ ਦੇ ਯੋਗ ਹੈ :

- ਫ਼ੈਡਰਲ ਕੋਰਟ ਦੇ ਸਿੰਗਲ ਜੱਜ ਦੇ ਫ਼ੈਸਲੇ, ਚਾਹੇ ਉਹ ਸੰਵਾਦਾਤਮਕ ਹੋਣ ਚਾਹੇ ਅੰਤਮ
- ਆਸਰੇਲੀਆ ਦੇ ਰਾਜਧਾਨੀ ਖੇਤਰ ਤੋਂ ਇਲਾਵਾ ਕਿਸੇ ਹੋਰ ਖੇਤਰ ਜਾਂ ਉਤਰੀ ਖੇਤਰ ਦੀ ਸੁਪਰੀਮ ਕੋਰਟ ਦੇ ਫ਼ੈਸਲੇ।
- ਕਿਸੇ ਰਾਜ, ਆਸਟਰੇਲੀਆਈ ਰਾਜਧਾਨੀ ਖੇਤਰ ਜਾਂ ਉਤਰੀ ਖੇਤਰ ਦੀਆਂ ਅਦਾਲਤਾਂ (ਜੋ ਸੁਪਰੀਮ ਕੋਰਟ ਦੀ ਸੰਪੂਰਨ ਅਦਾਲਤ ਤੋਂ ਇਲਾਵਾ ਹੋਣ) ਦੇ ਕੁੱਝ ਨਿਸਚਿਤ ਫ਼ੈਸਲੇ, ਸੰਘੀ (ਫ਼ੈਡਰਲ) ਅਧਿਕਾਰ ਖੇਤਰ ਦੀ ਵਰਤੋਂ ਕਰਦਿਆਂ।
- ਫ਼ੈਡਰਲ ਮੈਜਿਸਟਰੇਟ ਦੀ ਅਦਾਲਤ ਵਲੋਂ ਸੁਣਾਏ ਗਏ ਕੁੱਝ ਫ਼ੈਸਲੇ।

ਇਹ ਅਦਾਲਤ ਅਦਾਲਤਾਂ ਤੋਂ ਇਲਾਵਾ ਵਿਅਕਤੀਆਂ, ਅਥਾਰਟੀਆਂ ਅਤੇ ਟ੍ਰਿਬਿਊਨਲਾਂ ਵਲੋਂ ਸੁਣਾਏ ਗਏ ਫ਼ੈਸਲਿਆਂ ਉਪਰ ਕੀਤੀਆਂ ਗਈਆਂ ਅਪੀਲਾਂ ਦੀ ਸੁਣਵਾਈ ਵੀ ਕਰਦੀ ਹੈ। ਅਜਿਹੀਆਂ ਅਪੀਲਾਂ ਕਰਨ ਲਈ ਬਿਨੈ ਪੱਤਰ ਦੇਣ ਵਾਸਤੇ ਵਿਸ਼ੇਸ਼ ਫ਼ਾਰਮਾਂ ਅਤੇ ਕਾਰਜ-ਵਿਧੀਆਂ ਬਾਰੇ ਹੋਰ ਜਾਣਕਾਰੀ ਕਿਸੇ ਵੀ ਫ਼ੈਡਰਲ ਕੋਰਟ ਰਜਿਸਟਰੀ ਅਤੇ ਇੰਟਰਨੈਟ ਉਤੇ www.fedcourt.gov.au ਤੋਂ ਲਈ ਜਾ ਸਕਦੀ ਹੈ।

## ਅਪੀਲਾਂ ਕੌਣ ਸੁਣਦਾ ਹੈ?

ਨਾਨ-ਮਾਈਗ੍ਰੇਸ਼ਨ ਵਾਲੇ ਕੇਸ ਵਿਚ ਕਿਸੇ ਫ਼ੈਡਰਲ ਮੈਜਿਸਟਰੇਟ ਦੇ ਫ਼ੈਸਲੇ ਉਤੇ ਕੋਈ ਅਪੀਲ ਦੀ ਸੁਣਵਾਈ ਇਕ ਸੰਪੂਰਨ ਅਦਾਲਤ ਵਲੋਂ ਹੀ ਕੀਤੀ ਜਾਵੇਗੀ ਜਦ ਤੱਕ ਕਿ ਫ਼ੈਡਰਲ ਕੋਰਟ ਦੇ ਚੀਫ਼ ਜਸਟਿਸ ਸਬੰਧਤ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਸ ਅਪੀਲ ਨੂੰ ਸਿੰਗਲ ਜੱਜ ਤੋਂ ਸੁਣਵਾਈਯੋਗ ਨਾ ਮੰਨ ਲੈਣ।

ਇਕ ਮਾਈਗ੍ਰੇਸ਼ਨ (ਪਰਵਾਸ) ਦੇ ਮਾਮਲੇ ਵਿਚ ਫ਼ੈਡਰਲ ਮੈਜਿਸਟਰੇਟ ਦੀ ਅਦਾਲਤ ਉਤੇ ਕੀਤੀ ਗਈ ਅਪੀਲ ਦੀ ਸੁਣਵਾਈ ਤਦ ਤੱਕ ਹੀ ਸਿੰਗਲ ਜੱਜ ਵਲੋਂ ਕੀਤੀ ਜਾਵੇਗੀ ਜਦ ਤੱਕ ਕਿ ਫ਼ੈਡਰਲ ਕੋਰਟ ਦਾ ਜੱਜ ਸਬੰਧਤ ਮਾਮਲੇ ਤੇ ਵਿਚਾਰ ਕਰਨ ਉਪਰੰਤ ਇਸ ਅਪੀਲ ਨੂੰ ਸੰਪੂਰਨ ਅਦਾਲਤ ਵੱਲੋਂ ਸੁਣਵਾਈਯੋਗ ਨਾ ਮੰਨ ਲਵੇ।

ਸਿੰਗਲ ਜੱਜ ਜਾਂ ਸੁਪਰੀਮ ਕੋਰਟ ਦੇ ਕਿਸੇ ਫ਼ੈਸਲੇ ਉਤੇ ਕੀਤੀਆਂ ਗਈਆਂ ਅਪੀਲਾਂ ਆਮ ਤੌਰ ਤੇ ਤਿੰਨ ਜਾਂ ਵੱਧ ਜੱਜਾਂ ਦੀ ਇੱਕ ਸੰਪੂਰਨ ਅਦਾਲਤ ਇਕੱਠੇ ਬੈਠ ਕੇ ਸੁਣਵਾਈ ਕਰਦੀ ਹੈ।

# ਅਪੀਲਜ਼

## ਤੁਸੀਂ ਕਿਵੇਂ ਅਪੀਲ ਕਰਦੇ ਹੋ?

ਤੁਹਾਨੂੰ ਜ਼ਰੂਰ ਹੀ ਫ਼ਾਰਮ 55: ਅਪੀਲ ਦਾ ਨੋਟਿਸ (ਨੋਟਿਸ ਆਫ਼ ਅਪੀਲ) ਭਰਨਾ ਹੋਵੇਗਾ। ਇਸ ਅਪੀਲ ਵਿਚ ਤੁਹਾਨੂੰ ਅਪੀਲਕਰਤਾ (ਐਪੇਲੈਂਟ) ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ ਕਿਉਂ ਕਿ ਤੁਸੀਂ ਅਪੀਲ ਕਰਨ ਵਾਲੀ ਧਿਰ ਹੋ।

ਅਪੀਲ ਦਾ ਇਹ ਨੋਟਿਸ ਮੂਲ ਰੂਪ ਵਿੱਚ ਅਤੇ ਇਸ ਦੀ ਇੱਕ ਕਾਪੀ ਦੂਜੀ ਹਰੇਕ ਪਾਰਟੀ ਲਈ ਜ਼ਰੂਰ ਹੀ ਫ਼ੈਡਰਲ ਕੋਰਟ ਵਿੱਚ ਜਮ੍ਹਾ ਕਰਵਾਉਣੇ ਹੋਣਗੇ। ਤੁਸੀਂ ਇਹ ਕਾਰਵਾਈ ਰਜਿਸਟਰੀ ਕੋਲ ਦਸਤਾਵੇਜ਼ ਲਿਆ ਕੇ ਵੀ ਕਰ ਸਕਦੇ ਹੋ, ਜਾਂ ਤੁਸੀਂ ਉਨ੍ਹਾਂ ਨੂੰ ਡਾਕ ਰਾਹੀਂ ਜਾਂ ਫ਼ੈਕਸ ਰਾਹੀਂ ਵੀ ਭੇਜ ਸਕਦੇ ਹੋ, ਜਾਂ ਤੁਸੀਂ ਉਨ੍ਹਾਂ ਨੂੰ ਇੰਟਰਨੈਟ ਰਾਹੀਂ ਵੀ ਭੇਜ ਸਕਦੇ ਹੋ।

ਇਸ ਨੂੰ ਦਰਜ ਕਰਵਾਉਣਾ (ਫ਼ਾਈਲਿੰਗ) ਕਿਹਾ ਜਾਂਦਾ ਹੈ।

ਮਾਮਲਾ ਦਰਜ ਕਰਵਾਉਣ ਬਾਰੇ ਹੋਰ ਜਾਣਕਾਰੀ ਰਜਿਸਟਰੀ ਕੋਲ ਜਾਂ ਅਦਾਲਤ ਦੀ ਵੈੱਬਸਾਈਟ ਤੇ ਉਪਲਬਧ ਹੈ।

ਇਹ ਯਕੀਨੀ ਬਣਾਓ ਕਿ ਤੁਹਾਡੇ ਆਪਣੇ ਕੋਲ ਇਸ ਨੋਟਿਸ ਆਫ਼ ਅਪੀਲ ਦੀ ਇੱਕ ਕਾਪੀ ਹੈ। ਜੇ ਤੁਸੀਂ ਕਿਸੇ ਸਟੇਟ ਜਾਂ ਖੇਤਰ ਦੀ ਅਦਾਲਤ ਦੇ ਫ਼ੈਸਲੇ ਤੇ ਅਪੀਲ ਕਰ ਰਹੇ ਹੋ ਤਾਂ ਅਪੀਲ ਦੇ ਨੋਟਿਸ ਦੀ ਇੱਕ ਕਾਪੀ ਜ਼ਰੂਰ ਹੀ ਰਜਿਸਟਰਾਰ, ਮਾਸਟਰ ਜਾਂ ਉਸ ਅਦਾਲਤ ਦੇ ਕਿਸੇ ਹੋਰ ਵਾਜਬ ਅਧਿਕਾਰੀ ਦੇ ਦਫ਼ਤਰ ਵਿੱਚ ਵੀ ਦਰਜ ਕਰਵਾਉਣੀ ਹੋਵੇਗੀ।

ਜੇ ਨੋਟਿਸ ਸਹੀ ਹਾਲਤ ਵਿੱਚ ਹੈ ਤਾਂ ਰਜਿਸਟਰੀ ਸਟਾਫ਼ ਮੂਲ ਨੋਟਿਸ ਅਤੇ ਅਪੀਲ ਦੇ ਨੋਟਿਸ ਦੀਆਂ ਕਾਪੀਆਂ ਉਤੇ ਮੋਹਰ ਲਾ ਦੇਵੇਗਾ।

ਤੁਹਾਨੂੰ ਆਪਣੀ ਅਪੀਲ ਦਰਜ ਕਰਵਾਏ ਜਾਣ ਦੇ 5 ਦਿਨਾਂ ਦੇ ਅੰਦਰ-ਅੰਦਰ ਜ਼ਰੂਰ ਹੀ ਹਰੇਕ ਰੈਸਪਾਂਡੈਂਟ ਨੂੰ ਸਰਵ ਕੀਤੇ ਜਾਣ ਵਾਲੇ ਅਜਿਹੇ ਨੋਟਿਸ ਆਫ਼ ਅਪੀਲ ਦੀ ਵਿਵਸਥਾ ਕਰਨੀ ਹੋਵੇਗੀ, ਜਿਸ ਤੇ ਮੋਹਰ ਲੱਗੀ ਹੋਵੇ।

## ਸਮਾਂ ਸੀਮਾਵਾਂ

ਇੱਕ ਸੰਵਾਦਾਤਮਕ ਫ਼ੈਸਲਾ ਉਹ ਹੈ, ਜਿਹੜਾ, ਆਮ ਤੌਰ ਤੇ ਬੋਲ ਕੇ ਦਿੱਤਾ ਜਾਂਦਾ ਹੈ, ਜਿਸ ਦਾ ਮਾਮਲੇ ਦੀਆਂ ਵਿਸ਼ੇਸ਼ਤਾਵਾਂ ਨਾਲ ਸਿੱਧਾ ਸਬੰਧ ਨਹੀਂ ਹੁੰਦਾ ਸਗੋਂ ਇਸ ਦਾ ਸਬੰਧ ਕਾਰਜ ਵਿਧੀ ਬਾਰੇ ਮਾਮਲਿਆਂ ਨਾਲ ਹੁੰਦਾ ਹੈ। ਸੰਵਾਦਾਤਮਕ ਫ਼ੈਸਲਿਆਂ ਬਾਰੇ ਅਪੀਲਾਂ ਸਿਰਫ਼ ਅਦਾਲਤ ਦੀ ਇਜਾਜ਼ਤ ਨਾਲ ਹੀ ਕੀਤੀਆਂ ਜਾ ਸਕਦੀਆਂ ਹਨ। ਤੁਸੀਂ ਆਪਣਾ ਬਿਨੈ ਪੱਤਰ ਜ਼ਰੂਰ ਹੀ ਫ਼ੈਡਰਲ ਕੋਰਟ ਦੇ ਸਿੰਗਲ ਜੱਜ ਵਲੋਂ ਫ਼ੈਸਲਾ ਜਾਂ ਰੂਲਿੰਗ ਸੁਣਾਏ ਜਾਣ ਦੇ 7 ਦਿਨਾਂ ਦੇ ਅੰਦਰ ਜਾਂ ਕਿਸੇ ਹੋਰ ਅਦਾਲਤ, ਉਦਾਹਰਣ ਵਜੋਂ, ਫ਼ੈਡਰਲ ਮੈਜਿਸਟਰੇਟਸ ਕੋਰਟ ਵਲੋਂ ਫ਼ੈਸਲਾ ਸੁਣਾਏ ਜਾਣ ਜਾਂ ਰੂਲਿੰਗ ਦਿੱਤੇ ਜਾਣ ਦੇ 21 ਦਿਨਾਂ ਦੇ ਅੰਦਰ ਦਾਖ਼ਲ ਕਰਨਾ ਹੋਵੇਗਾ। ਜੇ ਅਪੀਲ ਕਰਨ ਲਈ ਨਿਰਧਾਰਤ ਸਮਾਂ ਲੰਘ ਗਿਆ ਹੈ, ਜਾਂ ਲੰਘਣ ਵਾਲਾ ਹੈ, ਤਾਂ ਤੁਸੀਂ ਇਸ ਮਿਆਦ ਨੂੰ ਅੱਗੇ ਵਧਾਉਣ ਲਈ ਬਿਨੈ ਪੱਤਰ ਦੇ ਸਕਦੇ ਹੋ। ਅੰਤਮ ਫ਼ੈਸਲਿਆਂ ਉਤੇ ਅਪੀਲਾਂ ਸਬੰਧਤ ਫ਼ੈਸਲਾ ਸੁਣਾਏ ਜਾਣ ਦੇ 21 ਦਿਨਾਂ ਦੇ ਅੰਦਰ ਹੀ ਕਰਨੀਆਂ ਹੋਣਗੀਆਂ। ਜੇ ਅਪੀਲ ਕਰਨ ਲਈ ਨਿਰਧਾਰਤ ਸਮਾਂ ਲੰਘ ਗਿਆ ਹੈ, ਜਾਂ ਲੰਘਣ ਵਾਲਾ ਹੈ, ਤਾਂ ਤੁਸੀਂ ਇਸ ਮਿਆਦ ਨੂੰ ਅੱਗੇ ਵਧਾਉਣ ਲਈ ਬਿਨੈ ਪੱਤਰ ਦੇ ਸਕਦੇ ਹੋ।

## ਇਸ ਤੇ ਲਾਗਤ ਕਿੰਨੀ ਹੁੰਦੀ ਹੈ?

ਜਦੋਂ ਤੁਸੀਂ ਅਪੀਲ ਦਾ ਨੋਟਿਸ ਦਾਇਰ ਕਰਦੇ ਹੋ ਤਾਂ ਤੁਹਾਨੂੰ ਉਸ ਲਈ ਜ਼ਰੂਰ ਹੀ ਇੱਕ ਫ਼ੀਸ ਅਦਾ ਕਰਨੀ ਪੈਂਦੀ ਹੈ। ਜੇ ਤੁਸੀਂ ਆਪਣੀ ਅਪੀਲ ਵਾਪਸ ਲੈ ਰਹੇ ਹੋ ਜਾਂ ਅਪੀਲ ਨਹੀਂ ਕਰਨੀ ਚਾਹੁੰਦੇ ਤਾਂ ਇਸ ਫ਼ੀਸ ਨੂੰ ਵਾਪਸ ਨਹੀਂ ਕੀਤਾ ਜਾ ਸਕਦਾ। ਜੇ ਤੁਸੀਂ ਇਸ ਫ਼ੀਸ ਦਾ ਖ਼ਰਚਾ ਨਹੀਂ ਝੱਲ ਸਕਦੇ ਤਾਂ ਤੁਸੀਂ ਇਸ ਨੂੰ ਮੁਆਫ਼ ਕਰਵਾਉਣ ਲਈ ਅਦਾਲਤ ਨੂੰ ਆਖ ਸਕਦੇ ਹੋ। ਕੁੱਝ ਵਿਅਕਤੀਆਂ ਨੂੰ ਇਹ ਫ਼ੀਸ ਨੂੰ ਅਦਾ ਕਰਨ ਤੋਂ ਛੋਟ ਵੀ ਹਾਸਲ ਹੈ (ਉਦਾਹਰਣ ਵਜੋਂ, ਜੇ ਤੁਹਾਨੂੰ ਕਾਨੂੰਨੀ ਸਹਾਇਤਾ ਮਨਜ਼ੂਰ ਕੀਤੀ ਗਈ ਹੈ ਜਾਂ ਜੇ ਤੁਸੀਂ ਹੈਲਥ ਕੇਅਰ ਕਾਰਡ ਧਾਰਕ ਹੋ)।

ਤੁਸੀਂ ਅਦਾਲਤ ਨੂੰ ਇਸ ਫ਼ੀਸ ਮੁਆਫ਼ੀ ਲਈ ਆਖਣ ਜਾਂ ਇਹ ਮਨਜ਼ੂਰੀ ਲੈਣ ਵਾਸਤੇ ਰਜਿਸਟਰੀ ਤੋਂ ਫ਼ਾਰਮ ਹਾਸਲ ਕਰ ਸਕਦੇ ਹੋ।

## ਤਦ ਕੀ ਹੋਵੇਗਾ ਜੇ ਕੋਈ ਮੇਰੇ ਹੱਕ ਵਿੱਚ ਕਿਸੇ ਫ਼ੈਸਲੇ ਵਿਰੁਧ ਅਪੀਲ ਕਰ ਰਿਹਾ ਹੈ?

ਜੇ ਤੁਹਾਨੂੰ ਨੋਟਿਸ ਆਫ਼ ਅਪੀਲ ਸਰਵ ਕਰ ਦਿੱਤਾ ਗਿਆ ਹੈ ਤਾਂ ਅਪੀਲ ਕਰਨ ਦੀ ਕਾਰਵਾਈ ਵਿੱਚ ਤੁਹਾਨੂੰ ਰੈਸਪਾਂਡੈਂਟ ਵਜੋਂ ਜਾਣਿਆ ਜਾਵੇਗਾ। ਤੁਹਾਨੂੰ ਤਦ ਇੱਕ ਫ਼ਾਰਮ 15: ਨੋਟਿਸ ਆਫ਼ ਅਪੀਅਰੈਂਸ ਭਰ ਕੇ ਇਸ ਮਾਮਲੇ ਵਿੱਚ ਪੇਸ਼ ਹੋਣ (ਅਪੀਅਰੈਂਸ) ਦੀ ਲੋੜ ਹੋਵੇਗੀ।

ਜੇ ਤੁਸੀਂ ਮੂਲ ਮਾਮਲੇ ਸਬੰਧੀ ਸੁਣਾਏ ਗਏ ਫ਼ੈਸਲੇ ਬਾਰੇ ਵੀ ਅਪੀਲ ਕਰਨੀ ਚਾਹੁੰਦੇ ਹੋ ਜਾਂ ਬਦਲੇ ਮੂਲ ਫ਼ੈਸਲੇ ਦਾ ਕੋਈ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਜ਼ਰੂਰ ਹੀ ਇੱਕ ਸੋਧਿਤ ਫ਼ਾਰਮ 55: ਨੋਟਿਸ ਆਫ਼ ਕਰਾਸ ਅਪੀਲ ਭਰਨਾ ਹੋਵੇਗਾ।

## ਨੋਟਿਸ ਆਫ਼ ਅਪੀਲ ਦਾਇਰ ਕਰਨ ਮਗਰੋਂ ਕੀ ਵਾਪਰਦਾ ਹੈ?

ਜਦ ਤੱਕ ਕਿ ਅਪੀਲ ਕਿਸੇ ਫ਼ੈਡਰਲ ਮੈਜਿਸਟਰੇਟ ਦੀ ਨਾ ਹੋਵੇ, ਰਜਿਸਟਰੀ ਵਲੋਂ ਆਮ ਤੌਰ ਤੇ ਦੋਵੇਂ ਧਿਰਾਂ ਨੂੰ ਇੱਕ ਮੀਟਿੰਗ ਵਿੱਚ ਇਹ ਫ਼ੈਸਲਾ ਕਰਨ ਲਈ ਸੱਦਿਆ ਜਾਂਦਾ ਹੈ ਕਿ ਮੂਲ ਮਾਮਲੇ ਸਬੰਧੀ ਅਦਾਲਤ ਨੂੰ ਅਪੀਲ ਬੁੱਕ ਵਿੱਚ ਕੀ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ।

ਮੂਲ ਸੁਣਵਾਏ ਦੇ ਸਾਰੇ ਦਸਤਾਵੇਜ਼ ਵਾਜਬ ਨਹੀਂ ਹੋ ਸਕਦੇ। ਇਸ ਪ੍ਰਕਿਰਿਆ ਨੂੰ ਅਪੀਲ ਬੁੱਕ ਇੰਡੈਕਸ ਦੀ ਸੈਟਲਿੰਗ ਕਿਹਾ ਜਾਂਦਾ ਹੈ।

ਜੇ ਅਪੀਲ ਕਿਸੇ ਫ਼ੈਡਰਲ ਮੈਜਿਸਟਰੇਟ ਦੇ ਗ਼ੈਰ-ਪ੍ਰਵਾਸ (ਨਾਨ-ਮਾਈਗ੍ਰੇਸ਼ਨ) ਫ਼ੈਸਲੇ ਬਾਰੇ ਹੈ ਤਾਂ ਰਜਿਸਟਰੀ ਵੱਲੋਂ ਅਪੀਲ ਸਬੰਧੀ ਨਿਰਦੇਸ਼ਾਤਮਕ ਸੁਣਵਾਈ ਜਾਂ ਅੰਤਮ ਸੁਣਵਾਈ ਦੀ ਇੱਕ ਤਾਰੀਖ਼ ਨਿਸਚਿਤ ਕਰ ਦਿੱਤੀ ਜਾਵੇਗੀ।

ਜੇ ਅਪੀਲ ਕਿਸੇ ਫ਼ੈਡਰਲ ਮੈਜਿਸਟ੍ਰੇਟਸ ਦੀ ਅਦਾਲਤ ਵੱਲੋਂ ਪ੍ਰਵਾਸ ਸਬੰਧੀ ਮਾਮਲੇ (ਮਾਈਗ੍ਰੇਸ਼ਨ ਕੇਸ) ਬਾਰੇ ਹੈ ਤਾਂ ਰਜਿਸਟਰੀ ਵੱਲੋਂ ਤੁਹਾਨੂੰ ਉਨ੍ਹਾਂ ਨਿਰਦੇਸ਼ਾਂ ਜਾਂ ਹੁਕਮਾਂ ਬਾਰੇ ਲਿਖਿਆ ਜਾਵੇਗਾ ਜੋ ਅਦਾਲਤ ਨੇ ਅਪੀਲ ਪੁਸਤਿਕਾਵਾਂ, ਲਿਖਤੀ ਪ੍ਰਤੀਵੇਦਨਾਂ ਅਤੇ ਅਪੀਲ ਦੀ ਸੁਣਵਾਈ ਦੀਆਂ ਤਿਆਰੀਆਂ ਨਾਲ ਸਬੰਧਤ ਹੋਰ ਮਾਮਲਿਆਂ ਬਾਰੇ ਜਾਰੀ ਕੀਤੇ ਹਨ। ਰਜਿਸਟਰੀ ਵੱਲੋਂ ਤੁਹਾਨੂੰ ਫਿਰ ਅਪੀਲ ਦੀ ਸੁਣਵਾਈ ਲਈ ਤੈਅ

ਕੀਤੀ ਤਾਰੀਖ਼ ਬਾਰੇ ਅਧਿਸੂਚਿਤ ਕਰਨ ਬਾਰੇ ਲਿਖਿਆ ਜਾਵੇਗਾ। ਤੁਹਾਨੂੰ ਆਪਣੇ ਪ੍ਰਤੀਵੇਦਨਾਂ (ਸਬਮਿਸ਼ਨਜ਼) ਦਾ ਇੱਕ ਖ਼ਾਕਾ ਅਦਾਲਤ ਵਿੱਚ ਦਰਜ ਕਰਵਾਉਣਾ ਹੋਵੇਗਾ ਅਤੇ ਮੁਦਾਇਲਾ ਜਾਂ ਪ੍ਰਤੀਵਾਦੀ (ਰੈਸਪਾਂਡੈਂਟ) ਨੂੰ ਵੀ ਇਹ ਖ਼ਾਕਾ ਭਿਜਵਾਉਣਾ ਹੋਵੇਗਾ। ਇਸ ਖ਼ਾਕੇ ਵਿੱਚ ਅਪੀਲ ਵਿਚ ਦਰਜ ਹਰੇਕ ਮੁੱਦੇ ਲਈ ਦਲੀਲਾਂ ਦਾ ਖ਼ੁਲਾਸਾ ਦਿੱਤਾ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਉਨ੍ਹਾਂ ਸਾਰੇ ਮਾਮਲਿਆਂ ਦੀ ਸੂਚੀ ਵੀ ਹੋਣੀ ਚਾਹੀਦੀ ਹੈ ਜਿਨ੍ਹਾਂ ਦਾ ਹਵਾਲਾ ਤੁਸੀਂ ਆਪਣੇ ਕੇਸ ਦੇ ਸਮਰਥਨ ਵਿੱਚ ਦੇਣਾ ਚਾਹੁੰਦੇ ਹੋ।

ਇਹ ਸਾਰਾ ਕੁੱਝ ਆਮ ਤੌਰ ਤੇ ਅਪੀਲ ਦੀ ਸੁਣਵਾਈ ਸ਼ੁਰੂ ਹੋਣ ਤੋਂ ਠੀਕ 5 ਕਾਰਜ ਦਿਵਸ ਪਹਿਲਾਂ ਕਰ ਦਿੱਤਾ ਜਾਣਾ ਚਾਹੀਦਾ ਹੈ, ਭਾਵੇਂ ਜੱਜ ਕੋਈ ਵੱਖਰੀ ਤਾਰੀਖ਼ ਹੀ ਕਿਉਂ ਨਾ ਤੈਅ ਕਰ ਦੇਵੇ।

## ਸੁਣਵਾਈ

ਪਹਿਲਾਂ ਤੁਹਾਨੂੰ ਆਪਣੇ ਕੇਸ ਦੀਆਂ ਦਲੀਲਾਂ ਪੇਸ਼ ਕਰਨ ਲਈ ਆਖਿਆ ਜਾਵੇਗਾ। ਤਦ ਮੁਦਾਇਲਾ ਜਾਂ ਪ੍ਰਤੀਵਾਦੀ ਨੂੰ ਜਵਾਬ ਦੇਣ ਦਾ ਮੌਕਾ ਦਿੱਤਾ ਜਾਵੇਗਾ। ਉਸ ਤੋਂ ਬਾਅਦ ਤੁਹਾਨੂੰ ਮੁਦਾਇਲਾ ਜਾਂ ਪ੍ਰਤੀਵਾਦੀ ਵੱਲੋਂ ਉਠਾਏ ਗਏ ਸਾਰੇ ਨੁਕਤਿਆਂ ਦਾ ਜਵਾਬ ਦੇਣ ਲਈ ਇੱਕ ਆਖ਼ਰੀ ਮੌਕਾ ਦਿੱਤਾ ਜਾਵੇਗਾ। ਤੁਹਾਡੇ ਤੋਂ ਇਹ ਆਸ ਰੱਖੀ ਜਾਵੇਗੀ ਕਿ ਤੁਹਾਨੂੰ ਅਪੀਲ ਬੁੱਕ ਵਿੱਚ ਦਰਜ ਸਾਰੇ ਨੁਕਤਿਆਂ ਬਾਰੇ ਮੁਕੰਮਲ ਜਾਣਕਾਰੀ ਹੈ ਅਤੇ ਤੁਸੀਂ ਆਪਣੀਆਂ ਦਲੀਲਾਂ ਦੇ ਹੱਕ ਵਿੱਚ ਅਪੀਲ ਪੁਸਤਿਕਾ ਵਿੱਚ ਦਰਜ ਨੁਕਤਿਆਂ ਦਾ ਹਵਾਲਾ ਦੇਣ ਦੇ ਪੂਰੀ ਤਰ੍ਹਾਂ ਯੋਗ ਹੋ।

ਜੇ ਤੁਸੀਂ ਸਫ਼ਲ ਹੋ ਜਾਂਦੇ ਹੋ ਤਾਂ ਅਦਾਲਤ :

- ਉਸ ਫ਼ੈਸਲੇ ਤੋਂ ਵੱਖਰਾ ਕੋਈ ਹੋਰ ਫ਼ੈਸਲਾ ਸੁਣਾ ਸਕਦੀ ਹੈ ਜੋ ਮੂਲ ਕੇਸ ਦੀ ਸੁਣਵਾਈ ਕਰਨ ਵਾਲੀ ਅਦਾਲਤ ਨੇ ਸੁਣਾਇਆ ਸੀ।
- ਮਾਮਲੇ ਦੀ ਸੁਣਵਾਈ ਦੁਬਾਰਾ ਕਰਨ ਦਾ ਹੁਕਮ ਸੁਣਾ ਸਕਦੀ ਹੈ।

## ਸਫ਼ਲਤਾ ਦੀਆਂ ਕਿੰਨੀਆਂ ਕੁ ਸੰਭਾਵਨਾਵਾਂ ਜਾਂ ਕਿੰਨੇ ਕੁ ਮੌਕੇ ਹਨ?

ਆਪਣੀ ਅਪੀਲ ਨੂੰ ਸਫ਼ਲ ਬਣਾਉਣ ਲਈ ਤੁਹਾਨੂੰ ਅਦਾਲਤ ਨੂੰ ਜ਼ਰੂਰ ਹੀ ਇਹ ਭਰੋਸਾ ਦਿਵਾਉਣਾ ਹੋਵੇਗਾ ਕਿ ਮੂਲ ਕੇਸ ਦੀ ਸੁਣਵਾਈ ਕਰਨ ਵਾਲੇ ਜੱਜ ਜਾਂ ਫ਼ੈਡਰਲ ਮੈਜਿਸਟ੍ਰੇਟ ਤੋਂ ਕੋਈ ਗ਼ਲਤੀ ਹੋਈ ਹੈ ਅਤੇ ਇਹ ਗ਼ਲਤੀ ਇੰਨੀ ਵੱਡੀ ਜਾਂ ਅਹਿਮ ਹੈ ਕਿ ਫ਼ੈਸਲੇ ਨੂੰ ਬਦਲਿਆ ਹੀ ਜਾਣਾ ਚਾਹੀਦਾ ਹੈ। ਮੂਲ ਕੇਸ ਦੀ ਸੁਣਵਾਈ ਕਰਨ ਵਾਲੇ ਜੱਜ ਜਾਂ ਫ਼ੈਡਰਲ ਮੈਜਿਸਟਰੇਟ ਤੋਂ ਹੋਣ ਵਾਲੀਆਂ ਅਹਿਮ ਗ਼ਲਤੀਆਂ ਦੀਆਂ ਕੁੱਝ ਉਦਾਹਰਣਾਂ ਇਸ ਪ੍ਰਕਾਰ ਹਨ :

- ਕਾਨੂੰਨ ਦਾ ਕੋਈ ਗ਼ਲਤ ਸਿਧਾਂਤ ਲਾਗੂ ਕੀਤਾ ਗਿਆ ਜਾਂ
- ਕਿਸੇ ਅਹਿਮ ਮੁੱਦੇ ਤੇ ਅਜਿਹੇ ਤੱਥ ਜਾਂ ਤੱਥਾਂ ਦੀ ਪੜਤਾਲ ਕੀਤੀ, ਜਿਸ ਬਾਰੇ ਕੋਈ ਗਵਾਹੀ ਪੇਸ਼ ਨਹੀਂ ਕੀਤੀ ਜਾ ਸਕੀ ਸੀ।

## ਅਪੀਲ ਦੀ ਸੁਣਵਾਈ ਕਰਨ ਵਾਲੀ ਅਦਾਲਤ :

- ਕਿਸੇ ਅਜਿਹੀ ਕਾਨੂੰਨੀ ਗਵਾਹੀ ਜਾਂ ਜਾਣਕਾਰੀ ਤੇ ਵਿਚਾਰ ਨਹੀਂ ਕਰਦੀ ਜੋ ਕਿ ਮੂਲ ਕੇਸ ਵਿੱਚ ਪੇਸ਼ ਨਹੀਂ ਸੀ ਕੀਤੀ ਗਈ
  (ਕੁੱਝ ਵਿਸ਼ੇਸ਼ ਹਾਲਾਤ ਨੂੰ ਛੱਡ ਕੇ)
- ਗਵਾਹੀ ਲਈ ਗਵਾਹਾਂ ਨੂੰ ਨਹੀਂ ਸੱਦਦੀ।
- ਮੂਲ ਕੇਸ ਲਈ ਸਬੰਧਤ ਧਿਰਾਂ ਵੱਲੋਂ ਦਾਇਰ ਕੀਤੇ ਸਾਰੇ ਵਾਜਬ ਦਸਤਾਵੇਜ਼ਾਂ ਨੂੰ ਪੜ੍ਹਦੀ ਹੈ।
- ਮੂਲ ਕੇਸ ਦੇ ਉਤਾਰਿਆਂ ਦੇ ਵਾਜਬ ਹਿੱਸਿਆਂ, ਜੇ ਉਪਲਬਧ ਹੋਣ, ਨੂੰ ਪੜ੍ਹਦੀ ਹੈ
- ਅਪੀਲ ਸਬੰਧੀ ਦੋਵੇਂ ਧਿਰਾਂ ਦੀਆਂ ਕਾਨੂੰਨੀ ਦਲੀਲਾਂ ਨੂੰ ਸੁਣਦੀ ਹੈ।

## ਕਾਨੂੰਨੀ ਸਲਾਹ

ਨੋਟਿਸ ਆਫ਼ ਅਪੀਲ ਜਾਂ ਕਰਾਸ ਅਪੀਲ ਦਾ ਖਰੜਾ ਤਿਆਰ ਕਰਨਾ ਇੱਕ ਬੇਹੱਦ ਔਖਾ ਕੰਮ ਹੈ। ਇਸ ਲਈ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਨੋਟਿਸ ਆਫ਼ ਅਪੀਲ ਨੂੰ ਕਾਨੂੰਨੀ ਸਲਾਹ ਨਾਲ ਹੀ ਤਿਆਰ ਕੀਤਾ ਜਾਵੇ। ਤੁਸੀਂ ਅਜਿਹੀਆਂ ਜਥੇਬੰਦੀਆਂ ਦੇ ਸੰਪਰਕ ਵੇਰਵੇ ਹਾਸਲ ਕਰ ਸਕਦੇ ਹੋ ਜੋ ਮੁਫ਼ਤ ਜਾਂ ਘੱਟ ਲਾਗਤ ਤੇ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਦੇ ਯੋਗ ਹਨ ਜਾਂ ਇਸ ਵਾਸਤੇ ਅਦਾਲਤ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ ਜਾਂ ਅਦਾਲਤ ਦੀ ਵੈਬਸਾਈਟ www.fedcourt.gov.au ਨੂੰ ਵੇਖਿਆ ਜਾ ਸਕਦਾ ਹੈ।

ਅਦਾਲਤੀ ਸਟਾਫ਼ ਕਾਨੂੰਨੀ ਸਹਾਇਤਾ ਮੁਹੱਈਆ ਨਹੀਂ ਕਰਵਾ ਸਕਦਾ।

## ਕਾਨੂੰਨੀ ਲਾਗਤਾਂ ਦੀ ਅਦਾਇਗੀ ਕੌਣ ਕਰਦਾ ਹੈ?

ਜੇ ਤੁਸੀਂ ਅਪੀਲ ਹਾਰ ਜਾਂਦੇ ਹੋ ਤਾਂ ਆਮ ਤੌਰ ਤੇ ਤੁਹਾਨੂੰ ਦੂਜੀ ਧਿਰ ਦੀਆਂ ਕਾਨੂੰਨੀ ਲਾਗਤਾਂ ਦੀ ਅਦਾਇਗੀ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ।

## ਜੇ ਮੈਂ ਆਪਣੀ ਅਪੀਲ ਵਾਪਸ ਲੈਣੀ ਚਾਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਸੀਂ ਇੱਕ ਫ਼ਾਰਮ 29: ਨੋਟਿਸ ਆਫ਼ ਡਿਸਕੰਟੀਨਯੂ ਦਾਇਰ ਕਰਕੇ ਆਪਣੀ ਅਪੀਲ ਵਾਪਸ ਲੈ ਸਕਦੇ ਹੋ। ਜੇ ਅਪੀਲ ਦੀ ਸੁਣਵਾਈ ਹਾਲੇ ਨਹੀਂ ਹੋਈ ਹੈ ਤਾਂ ਤੁਹਾਨੂੰ ਨੋਟਿਸ ਆਫ਼ ਡਿਸਕੰਟੀਨੁਏਂਸ਼ੱਨ ਦਾਇਰ ਕਰਨ ਲਈ ਅਦਾਲਤ ਦੀ ਇਜਾਜ਼ਤ ਲੈਣ ਦੀ ਲੋੜ ਨਹੀਂ ਹੁੰਦੀ। ਜੇ ਸੁਣਵਾਈ ਸ਼ੁਰੂ ਹੋ ਚੁੱਕੀ ਹੈ, ਜਾਂ ਸੁਣਵਾਈ ਖ਼ਤਮ ਹੋ ਚੁੱਕੀ ਹੈ ਪਰ ਅਦਾਲਤ ਨੇ ਹਾਲੇ ਕੋਈ ਫ਼ੈਸਲਾ ਨਹੀਂ ਸੁਣਾਇਆ ਹੈ ਤਾਂ ਤੁਹਾਨੂੰ, ਨੋਟਿਸ ਆਫ਼ ਡਿਸਕੰਟੀਨੁਏਸ਼ੱਨ ਦਾਇਰ ਕਰਨ ਲਈ ਅਦਾਲਤ ਦੀ ਇਜਾਜ਼ਤ ਲੈਣੀ ਹੋਵੇਗੀ।

ਜੇ ਤੁਸੀਂ ਆਪਣੀ ਅਪੀਲ ਨੂੰ ਅਧਵਾਟੇ ਰੋਕਦੇ ਹੋ ਤਾਂ ਤੁਹਾਨੂੰ ਆਮ ਤੌਰ ਤੇ ਦੂਜੀ ਧਿਰ ਦੀਆਂ ਕਾਨੂੰਨੀ ਲਾਗਤਾਂ ਅਦਾ ਕਰਨ ਦਾ ਹੁਕਮ ਦਿਤਾ ਜਾਵੇਗਾ।

## ਆਸਟਰੇਲੀਆ ਦੀ ਹਾਈ ਕੋਰਟ ਨੂੰ ਅਪੀਲਾਂ

ਫ਼ੈਡਰਲ ਅਦਾਲਤ ਦੀ ਸੰਪੂਰਨ ਅਦਾਲਤ ਵਲੋਂ ਸੁਣਾਏ ਫ਼ੈਸਲੇ ਜਾਂ ਕਿਸੇ ਫ਼ੈਡਰਲ ਮੈਜਿਸਟ੍ਰੇਟ ਦੇ ਫ਼ੈਸਲੇ ਤੇ ਕੀਤੀ ਗਈ ਅਪੀਲ ਦੀ ਸੁਣਵਾਈ ਕਰਨ ਵਾਲੇ ਕਿਸੇ ਸਿੰਗਲ ਜੱਜ ਦੇ ਫ਼ੈਸਲੇ ਤੇ ਹਾਈ ਕੋਰਟ ਵਿੱਚ ਅਪੀਲ ਕਰਨ ਦਾ ਕੋਈ ਸਵੈਚਾਲਿਤ ਅਧਿਕਾਰ ਨਹੀਂ ਹੈ।

ਤੁਸੀਂ ਅਪੀਲ ਕਰਨ ਲਈ ਇਜਾਜ਼ਤ (ਇਸਨੂੰ ਸਪੈਸ਼ਲ ਲੀਵ ਆਖਿਆ ਜਾਂਦਾ ਹੈ) ਲੈਣ ਵਾਸਤੇ ਹਾਈ ਕੋਰਟ ਵਿੱਚ ਬਿਨੈ-ਪੱਤਰ ਦਾਖ਼ਲ ਕਰ ਸਕਦੇ ਹੋ ਪਰ ਇਸ ਦੀ ਇਜਾਜ਼ਤ ਕੇਵਲ ਖ਼ਾਸ ਮਾਮਲਿਆਂ ਵਿੱਚ ਹੀ ਦਿੱਤੀ ਜਾਂਦੀ ਹੈ। ਜੇ ਤੁਸੀਂ ਹਾਈ ਕੋਰਟ ਵਿੱਚ ਸਪੈਸ਼ਲ ਲੀਵ ਲਈ ਆਪਣਾ ਬਿਨੈ-ਪੱਤਰ ਦਾਖ਼ਲ ਕਰਦੇ ਹੋ ਤਾਂ ਤੁਹਾਨੂੰ ਇਸ ਅਰਜ਼ੀ ਦੀ ਇੱਕ ਕਾਪੀ ਸਟੇਟ ਜਾਂ ਖੇਤਰ ਦੀ ਉਸ ਫ਼ੈਡਰਲ ਕੋਰਟ ਰਜਿਸਟਰੀ ਨੂੰ ਵੀ ਜ਼ਰੂਰ ਹੀ ਦੇਣੀ ਹੋਵੇਗੀ, ਜਿਸ ਨੇ ਫ਼ੈਸਲਾ ਸੁਣਾਇਆ ਸੀ ਅਤੇ ਜਿਸ ਫ਼ੈਸਲੇ ਬਾਰੇ ਅਪੀਲ ਕਰਨ ਦੇ ਤੁਸੀਂ ਚਾਹਵਾਨ ਹੋ।

## ਤੁਸੀਂ ਫ਼ਾਰਮ ਕਿਥੋਂ ਹਾਸਲ ਕਰ ਸਕਦੇ ਹੋ?

ਇਸ ਪੈਂਫਲਿਟ ਵਿੱਚ ਦਰਜ ਸਾਰੇ ਫ਼ਾਰਮ ਤੁਸੀਂ ਕਿਸੇ ਵੀ ਫ਼ੈਡਰਲ ਕੋਰਟ ਰਜਿਸਟਰੀ ਤੋਂ ਹਾਸਲ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹਦਾਇਤਾਂ ਦੀ ਇੱਕ ਕਾਪੀ ਵੀ ਦੇ ਸਕਦੇ ਹਨ ਜੋ ਇਹ ਦਰਸਾਉਂਦੀ ਕਿ ਤੁਸੀਂ ਕੁੱਝ ਫ਼ਾਰਮ ਕਿਵੇਂ ਭਰਨੇ ਹਨ।

ਤੁਸੀਂ ਇਹ ਫ਼ਾਰਮ ਤੇ ਹਦਾਇਤਾਂ ਅਦਾਲਤ ਦੀ ਵੈਬਸਾਈਟ: www.fedcourt.gov.au ਤੋਂ ਵੀ ਹਾਸਲ ਕਰ ਸਕਦੇ ਹੋ।

## ਦੁਭਾਸ਼ੀਏ

ਅਦਾਲਤ ਵੱਲੋਂ, ਇਸ ਅਪੀਲ ਦੀ ਸੁਣਵਾਈ ਲਈ ਆਉਣ ਵਾਸਤੇ ਇੱਕ ਦੁਭਾਸ਼ੀਏ ਦੀ ਵਿਵਸਥਾ ਕੀਤੀ ਜਾ ਸਕਦੀ ਹੈ। ਜੇ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ ਤਾਂ ਤੁਹਾਨੂੰ ਜ਼ਰੂਰ ਹੀ ਸੁਣਵਾਈ ਤੋਂ ਘੱਟੋ ਘੱਟ ਇੱਕ ਹਫ਼ਤਾ ਪਹਿਲਾਂ ਅਦਾਲਤ ਦੀ ਰਜਿਸਟਰੀ ਨਾਲ ਸੰਪਰਕ ਕਰਨਾ ਹੋਵੇਗਾ। ਜੇ ਤੁਸੀਂ ਰਜਿਸਟਰੀ ਨਾਲ ਸੰਪਰਕ ਨਹੀਂ ਕਰਦੇ ਹੋ ਤਾਂ ਉਹ ਤੁਹਾਡੇ ਲਈ ਕਿਸੇ ਦੁਭਾਸ਼ੀਏ ਦਾ ਇੰਤਜ਼ਾਮ ਕਰਨ ਦੇ ਯੋਗ ਨਹੀਂ ਹੋ ਸਕਣਗੇ ਅਤੇ ਸੁਣਵਾਈ ਵਿੱਚ ਦੇਰੀ ਹੋ ਜਾਵੇਗੀ।

ਤੁਸੀਂ 131 450 ਤੇ ਫੋਨ ਕਰਕੇ ਵੀ ਇੱਕ ਟੈਲੀਫ਼ੋਨ ਦੁਭਾਸ਼ੀਏ ਨਾਲ ਗੱਲ ਕਰ ਸਕਦੇ ਹੋ।

# ਫ਼ੈਡਰਲ ਕੋਰਟ ਰਜਿਸਟਰੀਜ਼

**(ACT) ਏ ਸੀ ਟੀ ਰਜਿਸਟਰੀ**
Commonwealth Law Courts Building
Childers Street
Canberra City ACT 2601
ਟੈਲੀਫ਼ੋਨ: (02) 6267 0566
ਫ਼ੈਕਸ: (02) 6267 0625
TTY: (02) 6267 0537
ਈ-ਮੇਲ: actman@fedcourt.gov.au

**(NSW) ਐਨ ਐਸ ਡਬਲਿਊ ਰਜਿਸਟਰੀ**
Level 17, Law Courts Building
Queens Square
Sydney NSW 2000
ਟੈਲੀਫ਼ੋਨ: (02) 9230 8567
TTY: (02) 9230 8270
ਫ਼ੈਕਸ: (02) 9230 8535
ਈ-ਮੇਲ: nswdr@fedcourt.gov.au

**(NT) ਐਨ ਟੀ ਰਜਿਸਟਰੀ**
Level 3, Supreme Court Building,
State Square, Darwin NT 0800
ਡਾਕ ਪਤਾ: PO Box 1806
DARWIN NT 0801
ਟੈਲੀਫ਼ੋਨ: (08) 8941 2333
ਫ਼ੈਕਸ: (08) 8941 4941
TTY: (08) 8982 0838
ਰਜਿਸਟਰੀ ਫ਼ਾਈਲਿੰਗ ਫ਼ੈਕਸ: (08) 8941 4941
ਈ-ਮੇਲ: ntreg@fedcourt.gov.au

**(QLD) ਕਵੀਨਜ਼ਲੈਂਡ ਰਜਿਸਟਰੀ**
Level 6, Commonwealth Law Courts
119 North Quay
Brisbane QLD 4000
ਡਾਕ ਪਤਾ P.O. Box 13084
George Street Post Shop
Brisbane QLD 4003
ਟੈਲੀਫ਼ੋਨ: (07) 3248 1100
ਫ਼ੈਕਸ: (07) 3248 1260
TTY: (07) 3248 1272
ਈ-ਮੇਲ: qldreg@fedcourt.gov.au

**(VIC) ਵਿਕਟੋਰਿਆ ਰਜਿਸਟਰੀ**
Commonwealth Law Courts
305 William Street
Melbourne VIC 3000
ਟੈਲੀਫ਼ੋਨ: (03) 8600 3333
ਫ਼ੈਕਸ: (03) 8600 3281
TTY: (03) 9670 0320
ਈ-ਮੇਲ: vicreg@fedcourt.gov.au

**(SA) ਸਾਊਥ ਅਸਟ੍ਰੇਲੀਆ ਰਜਿਸਟਰੀ**
Level 5 Commonwealth Law Courts
3 Angas Street Adelaide SA 5000
ਡਾਕ ਪਤਾ: GPO Box 1350
Adelaide SA 5001
ਟੈਲੀਫ਼ੋਨ: (08) 8219 1000
ਫ਼ੈਕਸ: (08) 8219 1001
TTY: (08) 8219 1011
ਈ-ਮੇਲ: sareg@fedcourt.gov.au

**(TAS) ਤਸਮੇਨੀਆਂ ਰਜਿਸਟਰੀ**
Commonwealth Law Courts Building
39-41 Davey Street
Hobart TAS 7000
ਡਾਕ ਪਤਾ: GPO Box 903
HOBART TAS 7001
ਟੈਲੀਫ਼ੋਨ: (03) 6232 1715
ਫ਼ੈਕਸ: (03) 6232 1701
TTY: (03) 6232 1865
ਈ-ਮੇਲ: tasreg@fedcourt.gov.au

**(WA) ਵੈਸਟਰਨ ਅਸਟ੍ਰੇਲੀਆ ਰਜਿਸਟਰੀ**
Commonwealth Law Courts
1 Victoria Avenue
Perth WA 6000
ਡਾਕ ਪਤਾ: GPO Box A30
PERTH WA 6834
ਟੈਲੀਫ਼ੋਨ: (08) 9268 7100
ਫ਼ੈਕਸ: (08) 9221 3261
TTY: (08) 9325 7053
ਈ-ਮੇਲ: waregistry@fedcourt.gov.au

**ਪ੍ਰਿੰਸੀਪਲ ਰਜਿਸਟਰੀ**
Level 17, Law Courts Building
Queens Square
Sydney NSW 2000
ਟੈਲੀਫ਼ੋਨ: (02) 9230 8542
ਫ਼ੈਕਸ: (02) 9223 7706
ਈ-ਮੇਲ: query@fedcourt.gov.au

02/06